# Snap Inc.
# ਕੈਲੀਫੋਰਨੀਆ ਸੇਵਾ ਦੀਆਂ ਮਦਾਂ ਦੀ ਰਿਪੋਰਟ

1 ਜੁਲਾਈ - 30 ਸਤੰਬਰ 2023



ਦੁਬਾਰਾ ਸਪੁਰਦ ਕੀਤੀ: 07 ਮਈ 2024

**ਕੈਲੀਫੋਰਨੀਆ ਸੇਵਾ ਦੀਆਂ ਮਦਾਂ ਦੀ ਰਿਪੋਰਟ (1 ਜੁਲਾਈ - 30 ਸਤੰਬਰ 2023) (ਦੁਬਾਰਾ ਸਪੁਰਦ ਕੀਤੀ ਗਈ)**

**Snap Inc.**

**ਦੁਬਾਰਾ ਸਪੁਰਦ ਕਰਨ ਦਾ ਕਾਰਨ**

ਕੈਲੀਫੋਰਨੀਆ ਕਾਰੋਬਾਰ ਅਤੇ ਪੇਸ਼ੇ ਕੋਡ ਦੀ ਧਾਰਾ 22677 ਦੇ ਅਨੁਸਾਰ, Snap Inc. ("Snap") ਇਹ ਸੇਵਾ ਦੀਆਂ ਮਦਾਂ ਦੀ ਰਿਪੋਰਟ ਕੈਲੀਫੋਰਨੀਆ ਅਟਾਰਨੀ ਜਨਰਲ ਨੂੰ ਸਪੁਰਦ ਕਰਦਾ ਹੈ। ਇਹ Snap ਦੀ ਪਹਿਲੀ ਕੈਲੀਫੋਰਨੀਆ ਸੇਵਾ ਦੀਆਂ ਮਦਾਂ ਦੀ ਰਿਪੋਰਟ ਦੀ ਮੁੜ-ਸਪੁਰਦਗੀ ਹੈ, ਜੋ 1 ਜੁਲਾਈ 2023 ਅਤੇ 30 ਸਤੰਬਰ 2023 (2023 ਦੀ ਤੀਜੀ ਤਿਮਾਹੀ) ਦੇ ਵਿਚਕਾਰ ਦੀ ਮਿਆਦ ਮੁਤਾਬਕ ਹੈ, ਜਿਸਦਾ ਉਦੇਸ਼ ਦੋ ਅਣਜਾਣੇ ਵਿੱਚ ਹੋਈਆਂ ਭੁੱਲਾਂ ਨੂੰ ਸਪੱਸ਼ਟ ਕਰਨਾ ਹੈ। ਪਹਿਲਾ, ਇਸ ਰਿਪੋਰਟ ਨੂੰ ਇਹ ਦਰਸਾਉਣ ਲਈ ਅੱਪਡੇਟ ਕੀਤਾ ਹੈ ਕਿ ਸੰਬੰਧਿਤ ਰਿਪੋਰਟਿੰਗ ਅਵਧੀ ਦੌਰਾਨ Snap ਨੇ ਆਪਣੀਆਂ ਭਾਈਚਾਰਕ ਸੇਧਾਂ ਦੇ ਹਿੱਸੇ ਵਜੋਂ ਵਿਦੇਸ਼ੀ ਰਾਜਨੀਤਿਕ ਦਖਲਅੰਦਾਜ਼ੀ ਨੂੰ ਰੋਕਣ ਵਾਲੀਆਂ ਨੀਤੀਆਂ ਲਾਗੂ ਕੀਤੀਆਂ ਸਨ। ਦੂਜਾ, ਇਸ ਰਿਪੋਰਟ ਨੂੰ ਬੱਚਿਆਂ ਦੇ ਜਿਨਸੀ ਸ਼ੋਸ਼ਣ ਨੂੰ ਉਲੰਘਣਾ ਦੀ ਇੱਕ ਵੱਖਰੀ ਅਤੇ ਸਪੱਸ਼ਟ ਸ਼੍ਰੇਣੀ ਵਜੋਂ ਸ਼ਾਮਲ ਕਰਨ ਲਈ ਅੱਪਡੇਟ ਕੀਤਾ ਗਿਆ ਹੈ। ਇਸ ਬਦਲਾਅ ਦੇ ਨਤੀਜੇ ਵਜੋਂ ਕੁਝ ਖਾਸ ਡੇਟਾ ਵਿੱਚ ਅੱਪਡੇਟ ਹੁੰਦੇ ਹਨ, ਜੋ ਇਸ ਮੁੜ-ਸਪੁਰਦਗੀ ਵਿੱਚ ਵੀ ਦਿਸਦੇ ਹਨ। Snap ਦੀ 2023 ਦੀ ਚੌਥੀ ਤਿਮਾਹੀ ਸੇਵਾ ਦੀਆਂ ਮਦਾਂ ਦੀ ਰਿਪੋਰਟ ਜੋ ਕਿ 1 ਅਪ੍ਰੈਲ 2024 ਨੂੰ ਸੁਪਰਦ ਕੀਤੀ ਗਈ ਸੀ, ਪਹਿਲਾਂ ਹੀ ਬੱਚਿਆਂ ਦੇ ਜਿਨਸੀ ਸ਼ੋਸ਼ਣ ਦੀ ਇਸ ਵਾਧੂ ਸ਼੍ਰੇਣੀ ਨੂੰ ਦਰਸਾਉਂਦੀ ਹੈ।

**ਸਾਡੀਆਂ ਮਦਾਂ (ਕੈਲੀਫੋਰਨੀਆ ਕਾਰੋਬਾਰ ਅਤੇ ਪੇਸ਼ਾ ਕੋਡ, §§22677(a)(1) ਅਤੇ (4)(E))**

ਅਸੀਂ Snapchat 'ਤੇ ਰਚਨਾਤਮਕਤਾ ਅਤੇ ਪ੍ਰਗਟਾਵੇ ਲਈ ਸੁਰੱਖਿਅਤ, ਮਜ਼ੇਦਾਰ ਮਾਹੌਲ ਦੇਣ ਦੀ ਕੋਸ਼ਿਸ਼ ਕਰਦੇ ਹਾਂ। ਸਾਰੇ Snapchat ਵਰਤੋਂਕਾਰਾਂ ਨੂੰ ਸਾਡੀਆਂ ਸੇਵਾ ਦੀਆਂ ਮਦਾਂ ਦੀ ਪਾਲਣਾ ਕਰਨੀ ਚਾਹੀਦੀ ਹੈ, ਜਿਸ ਵਿੱਚ ਸਾਡੀਆਂ ਭਾਈਚਾਰਕ ਸੇਧਾਂ (ਇਕੱਠੇ, "**ਮਦਾਂ**") ਸ਼ਾਮਲ ਹਨ।

ਅਸੀਂ ਸਮੱਗਰੀ ਨੂੰ ਕਿਵੇਂ ਸੰਚਾਲਿਤ ਕਰਦੇ ਹਾਂ ਅਤੇ ਆਪਣੀਆਂ ਨੀਤੀਆਂ ਨੂੰ ਕਿਵੇਂ ਲਾਗੂ ਕਰਦੇ ਹਾਂ, ਇਸ ਬਾਰੇ ਵਾਧੂ ਸੰਦਰਭ ਸਾਡੀ ਭਾਈਚਾਰਕ ਸੇਧਾਂ ਵਿਆਖਿਆਕਾਰ ਲੜੀ ਵਿੱਚ ਉਪਲਬਧ ਹੈ, ਜਿਸ ਵਿੱਚ ਸਾਡੀਆਂ ਸੰਚਾਲਨ, ਅਮਲੀਕਰਨ ਅਤੇ ਅਪੀਲ ਨੀਤੀਆਂ ਦਾ ਵੇਰਵਾ ਅਤੇ ਸਾਡੀਆਂ ਭਾਈਚਾਰਕ ਸੇਧਾਂ ਵੱਲੋਂ ਵਰਜਿਤ ਸਮੱਗਰੀ ਦੀ ਹਰੇਕ ਸ਼੍ਰੇਣੀ ਸੰਬੰਧੀ ਵਾਧੂ ਜਾਣਕਾਰੀ ਸ਼ਾਮਲ ਹੈ।

ਅਸੀਂ ਆਪਣੇ ਸੁਰੱਖਿਆ ਕੇਂਦਰ ਵਿੱਚ ਸੁਰੱਖਿਆ ਨਾਲ ਸੰਬੰਧਿਤ ਜਾਣਕਾਰੀ ਅਤੇ ਸਰੋਤ ਵੀ ਦਿੰਦੇ ਹਾਂ, ਜਿਸ ਵਿੱਚ ਸਾਡੀ ਸੇਵਾ 'ਤੇ ਸਾਡੀਆਂ ਮਦਾਂ ਦੀਆਂ ਉਲੰਘਣਾਵਾਂ ਜਾਂ ਹੋਰ ਸੁਰੱਖਿਆ ਚਿੰਤਾਵਾਂ ਦੀ ਰਿਪੋਰਟ ਕਿਵੇਂ ਕਰਨੀ ਹੈ ਇਸ ਬਾਰੇ ਮਾਰਗਦਰਸ਼ਨ ਸ਼ਾਮਲ ਹੈ।

ਇਹ ਦਸਤਾਵੇਜ਼ ਇਸ ਰਿਪੋਰਟ ਨਾਲ ਅੰਗਰੇਜ਼ੀ ਵਿੱਚ ਨੱਥੀ ਕੀਤੇ ਗਏ ਹਨ ਅਤੇ ਇਹ ਸਾਡੀ ਵੈੱਬਸਾਈਟ 'ਤੇ ਸਾਰੀਆਂ Medi-Cal ਥ੍ਰੈਸ਼ਹੋਲਡ ਭਾਸ਼ਾਵਾਂ ਵਿੱਚ ਉਪਲਬਧ ਹਨ ਜਿਨ੍ਹਾਂ ਵਿੱਚ ਅਸੀਂ Snapchat ਦੀ ਪੇਸ਼ਕਸ਼ ਕਰਦੇ ਹਾਂ।

**ਸਮੱਗਰੀ ਸੰਚਾਲਨ ਨੀਤੀਆਂ ਅਤੇ ਅਭਿਆਸ (ਕੈਲੀਫੋਰਨੀਆ ਕਾਰੋਬਾਰ ਅਤੇ ਪੇਸ਼ਾ ਕੋਡ, §§22677(a)(3)-(4))**

ਸਾਡੀਆਂ ਮਦਾਂ ਧਾਰਾ 22677(a)(3) ਵਿੱਚ ਹਵਾਲਾ ਦਿੱਤੀ ਗਈ ਸਮੱਗਰੀ ਦੀਆਂ ਸ਼੍ਰੇਣੀਆਂ ਨੂੰ ਵਰਜਿਤ ਕਰਦੀਆਂ ਹਨ, ਜਿਵੇਂ ਕਿ:

| **ਧਾਰਾ 22677(a) ਵਿੱਚ ਹਵਾਲਾ ਦਿੱਤੀ ਗਈ ਸਮੱਗਰੀ ਦੀ ਸ਼੍ਰੇਣੀ** | **ਸਾਡੀਆਂ ਭਾਈਚਾਰਕ ਸੇਧਾਂ ਵੱਲੋਂ ਵਰਜਿਤ ਸਮੱਗਰੀ ਦੀ ਅਨੁਸਾਰੀ ਸ਼੍ਰੇਣੀ** | **ਸਾਡੀ ਪਾਰਦਰਸ਼ਤਾ ਰਿਪੋਰਟ ਸ਼ਬਦਾਵਲੀ ਅਤੇ ਭਾਈਚਾਰਕ ਸੇਧਾਂ ਵਿਆਖਿਆ ਲੜੀ ਵਿੱਚ ਦਿੱਤੀਆਂ ਗਈਆਂ ਸੰਬੰਧਿਤ ਪਰਿਭਾਸ਼ਾਵਾਂ ਅਤੇ ਨੀਤੀਆਂ** |
|---|---|---|
| **ਨਫ਼ਰਤ ਭਰਿਆ ਭਾਸ਼ਣ ਜਾਂ ਨਸਲਵਾਦ** | ਨਫ਼ਰਤ ਭਰਿਆ ਭਾਸ਼ਣ (ਜੋ ਨਫ਼ਰਤ ਭਰੀ ਸਮੱਗਰੀ, ਅੱਤਵਾਦ ਅਤੇ ਹਿੰਸਕ ਕੱਟੜਪੰਥੀ ਦੇ ਅਧੀਨ ਹੈ) | ਅਜਿਹੀ ਸਮੱਗਰੀ ਜੋ ਕਿਸੇ ਵਿਅਕਤੀ ਜਾਂ ਵਿਅਕਤੀਆਂ ਦੇ ਸਮੂਹ ਨੂੰ ਉਨ੍ਹਾਂ ਦੀ ਨਸਲ, ਰੰਗ, ਜਾਤ, ਪਾਤ, ਰਾਸ਼ਟਰੀ ਮੂਲ, ਧਰਮ, ਜਿਨਸੀ ਰੁਝਾਨ, ਲਿੰਗ ਪਛਾਣ, ਅਪੰਗਤਾ, ਸਾਬਕਾ ਸੈਨਿਕ ਸਥਿਤੀ, ਇਮੀਗ੍ਰੇਸ਼ਨ ਸਥਿਤੀ, ਸਮਾਜਿਕ-ਆਰਥਿਕ ਸਥਿਤੀ, ਉਮਰ, ਭਾਰ ਜਾਂ ਗਰਭ ਅਵਸਥਾ ਦੇ ਆਧਾਰ 'ਤੇ ਨੀਵਾਂ ਦਿਖਾਉਂਦੀ ਹੈ ਜਾਂ ਉਹਨਾਂ ਵਿਰੁੱਧ ਵਿਤਕਰੇ ਨੂੰ ਉਤਸ਼ਾਹਿਤ ਕਰਦੀ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਨਫ਼ਰਤ ਭਰੀ ਸਮੱਗਰੀ, ਅੱਤਵਾਦ ਅਤੇ ਹਿੰਸਕ ਕੱਟੜਪੰਥੀ ਬਾਰੇ ਵਿਆਖਿਆਕਾਰ ਦੀ ਸਮੀਖਿਆ ਕਰੋ। |

| | | |
|---|---|---|
| **ਕੱਟੜਵਾਦ ਜਾਂ ਕੱਟੜਪੰਥੀ** | ਅੱਤਵਾਦ ਅਤੇ ਹਿੰਸਕ ਕੱਟੜਪੰਥੀ (ਜੋ ਕਿ ਨਫ਼ਰਤ ਭਰੀ ਸਮੱਗਰੀ, ਅੱਤਵਾਦ ਅਤੇ ਹਿੰਸਕ ਕੱਟੜਪੰਥੀ ਦੇ ਅਧੀਨ ਹੈ) | ਅਜਿਹੀ ਸਮੱਗਰੀ ਜੋ ਅੱਤਵਾਦ ਜਾਂ ਹੋਰ ਹਿੰਸਕ, ਅਪਰਾਧਿਕ ਕੰਮਾਂ ਨੂੰ ਉਤਸ਼ਾਹਿਤ ਕਰਦੀ ਹੈ ਜਾਂ ਸਮਰਥਨ ਕਰਦੀ ਹੈ ਜੋ ਵਿਅਕਤੀਆਂ ਅਤੇ/ਜਾਂ ਸਮੂਹਾਂ ਵੱਲੋਂ ਵਿਚਾਰਧਾਰਕ ਟੀਚਿਆਂ, ਜਿਵੇਂ ਕਿ ਰਾਜਨੀਤਿਕ, ਧਾਰਮਿਕ, ਸਮਾਜਿਕ, ਨਸਲੀ, ਜਾਂ ਵਾਤਾਵਰਣ ਕਿਸਮ ਦੇ ਟੀਚਿਆਂ ਨੂੰ ਅੱਗੇ ਵਧਾਉਣ ਲਈ ਕੀਤੇ ਜਾਂਦੇ ਹਨ। ਇਸ ਵਿੱਚ ਕੋਈ ਵੀ ਅਜਿਹੀ ਸਮੱਗਰੀ ਸ਼ਾਮਲ ਹੈ ਜੋ ਕਿਸੇ ਵੀ ਵਿਦੇਸ਼ੀ ਅੱਤਵਾਦੀ ਸੰਗਠਨ ਜਾਂ ਹਿੰਸਕ ਕੱਟੜਪੰਥੀ ਨਫ਼ਰਤੀ ਸਮੂਹ ਦਾ ਪ੍ਰਚਾਰ ਕਰਦੀ ਜਾਂ ਸਮਰਥਨ ਦਿੰਦੀ ਹੈ ਅਤੇ ਨਾਲ ਹੀ ਅਜਿਹੀ ਸਮੱਗਰੀ ਜੋ ਅਜਿਹੀਆਂ ਸੰਸਥਾਵਾਂ ਜਾਂ ਹਿੰਸਕ ਕੱਟੜਪੰਥੀ ਸਰਗਰਮੀਆਂ ਲਈ ਭਰਤੀ ਨੂੰ ਅੱਗੇ ਵਧਾਉਂਦੀ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਨਫ਼ਰਤ ਭਰੀ ਸਮੱਗਰੀ, ਅੱਤਵਾਦ ਅਤੇ ਹਿੰਸਕ ਕੱਟੜਪੰਥੀ ਬਾਰੇ ਵਿਆਖਿਆਕਾਰ ਦੀ ਸਮੀਖਿਆ ਕਰੋ। |
| **ਗਲਤ ਜਾਣਕਾਰੀ ਜਾਂ ਗੁੰਮਰਾਹਕੁੰਨ ਜਾਣਕਾਰੀ** | ਝੂਠੀ ਜਾਣਕਾਰੀ (ਜੋ ਨੁਕਸਾਨਦੇਹ ਝੂਠੀ ਜਾਂ ਧੋਖਾਧੜੀ ਵਾਲੀ ਜਾਣਕਾਰੀ ਦੇ ਅਧੀਨ ਆਉਂਦੀ ਹੈ) | ਇਸ ਵਿੱਚ ਅਜਿਹੀ ਝੂਠੀ ਜਾਂ ਗੁੰਮਰਾਹਕੁੰਨ ਸਮੱਗਰੀ ਸ਼ਾਮਲ ਹੈ ਜੋ ਨੁਕਸਾਨ ਕਰਦੀ ਹੈ ਜਾਂ ਨੁਕਸਾਨਦੇਹ ਹੈ, ਜਿਵੇਂ ਕਿ ਦੁਖਦਾਈ ਘਟਨਾਵਾਂ ਦੀ ਹੋਂਦ ਤੋਂ ਇਨਕਾਰ ਕਰਨਾ, ਬੇਬੁਨਿਆਦ ਡਾਕਟਰੀ ਦਾਅਵੇ ਕਰਨਾ ਜਾਂ ਨਾਗਰਿਕ ਪ੍ਰਕਿਰਿਆਵਾਂ ਦੀ ਅਖੰਡਤਾ ਨੂੰ ਕਮਜ਼ੋਰ ਕਰਨਾ ਜਾਂ ਝੂਠੇ ਜਾਂ ਗੁੰਮਰਾਹਕੁੰਨ ਉਦੇਸ਼ਾਂ ਲਈ ਸਮੱਗਰੀ ਨਾਲ ਛੇੜਛਾੜ ਕਰਨਾ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਨੁਕਸਾਨਦੇਹ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਬਾਰੇ ਵਿਆਖਿਆਕਾਰ ਦੀ ਸਮੀਖਿਆ ਕਰੋ। |
| **ਸਤਾਉਣਾ** | ਸਤਾਉਣਾ ਅਤੇ ਧੌਂਸਪੁਣਾ | ਇਸ ਤੋਂ ਭਾਵ ਅਜਿਹਾ ਕੋਈ ਵੀ ਅਣਚਾਹਿਆ ਵਤੀਰਾ ਹੈ ਜੋ ਕਿਸੇ ਆਮ ਵਿਅਕਤੀ ਲਈ ਮਾਨਸਿਕ ਪ੍ਰੇਸ਼ਾਨੀ ਦਾ ਕਾਰਨ ਬਣ ਸਕਦਾ ਹੈ, ਜਿਵੇਂ ਕਿ ਜ਼ੁਬਾਨੀ ਮਾੜਾ ਸਲੂਕ, ਜਿਨਸੀ ਤੌਰ 'ਤੇ ਸਤਾਉਣਾ ਜਾਂ ਅਣਚਾਹਿਆ ਜਿਨਸੀ ਧਿਆਨ। ਇਸ ਸ਼੍ਰੇਣੀ ਵਿੱਚ ਗੈਰ-ਸਹਿਮਤੀ ਵਾਲੀਆਂ ਅਸ਼ਲੀਲ ਤਸਵੀਰਾਂ (NCII) ਨੂੰ ਸਾਂਝਾ ਜਾਂ ਪ੍ਰਾਪਤ ਕਰਨਾ ਵੀ ਸ਼ਾਮਲ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਸਤਾਉਣਾ ਅਤੇ ਧੌਂਸਪੁਣੇ ਬਾਰੇ ਵਿਆਖਿਆਕਾਰ ਦੀ ਸਮੀਖਿਆ ਕਰੋ। |
| **ਵਿਦੇਸ਼ੀ ਰਾਜਨੀਤਿਕ ਦਖਲਅੰਦਾਜ਼ੀ** | ਝੂਠੀ ਜਾਣਕਾਰੀ (ਜੋ ਕਿ ਨੁਕਸਾਨਦੇਹ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਦੇ ਅਧੀਨ ਆਉਂਦੀ ਹੈ)। | ਝੂਠੀ ਜਾਣਕਾਰੀ ਦੀ ਸਾਡੀ ਪਰਿਭਾਸ਼ਾ ਲਈ ਕਿਰਪਾ ਕਰਕੇ ਉੱਪਰ ਦੇਖੋ।<br><br>ਨਕਲ ਉਦੋਂ ਹੁੰਦੀ ਹੈ ਜਦੋਂ ਕੋਈ ਖਾਤਾ ਕਿਸੇ ਹੋਰ ਵਿਅਕਤੀ ਜਾਂ ਬ੍ਰਾਂਡ ਨਾਲ ਜੁੜੇ ਹੋਣ ਦਾ ਝੂਠਾ ਦਿਖਾਵਾ ਕਰਦਾ ਹੈ।<br><br>ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਨੁਕਸਾਨਦੇਹ ਝੂਠੀ ਜਾਂ ਗੁੰਮਰਾਹਕੁੰਨ ਜਾਣਕਾਰੀ ਬਾਰੇ ਵਿਆਖਿਆਕਾਰ ਦੀ ਸਮੀਖਿਆ ਕਰੋ। |
| **ਨਿਯੰਤਰਿਤ ਪਦਾਰਥ ਵੰਡ** | ਨਸ਼ੇ (ਜੋ ਗੈਰ-ਕਾਨੂੰਨੀ ਜਾਂ ਨਿਯੰਤ੍ਰਿਤ ਸਰਗਰਮੀਆਂ ਦੇ ਅਧੀਨ ਆਉਂਦੇ ਹਨ) | ਗੈਰ-ਕਾਨੂੰਨੀ ਨਸ਼ੀਲੇ ਪਦਾਰਥਾਂ (ਨਕਲੀ ਗੋਲੀਆਂ ਸਮੇਤ) ਦੀ ਵੰਡ ਅਤੇ ਵਰਤੋਂ, ਅਤੇ ਨਸ਼ੀਲੇ ਪਦਾਰਥਾਂ ਨਾਲ ਜੁੜੀ ਹੋਰ ਗੈਰ-ਕਾਨੂੰਨੀ ਸਰਗਰਮੀ ਦਾ ਹਵਾਲਾ ਦਿੰਦੇ ਹਨ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਸਾਡੇ ਗੈਰ-ਕਾਨੂੰਨੀ ਜਾਂ ਨਿਯੰਤ੍ਰਿਤ ਸਰਗਰਮੀਆਂ ਬਾਰੇ ਵਿਆਖਿਆਕਾਰ ਦੀ ਸਮੀਖਿਆ ਕਰੋ। |

ਸਾਡਾ ਸੰਚਾਲਨ, ਅਮਲੀਕਰਨ ਅਤੇ ਅਪੀਲਾਂ ਦਾ ਵਿਆਖਿਆਕਾਰ ਅਤੇ ਗੰਭੀਰ ਨਕਸਾਨ ਦਾ ਵਿਆਖਿਆਕਾਰ ਹੋਰ ਵਿਸ਼ਿਆਂ ਦੇ ਨਾਲ-ਨਾਲ ਇਹਨਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦੇ ਹਨ:

- ਅਸੀਂ ਸਵੈਚਾਲਿਤ ਔਜ਼ਾਰਾਂ ਅਤੇ ਮਨੁੱਖੀ ਸਮੀਖਿਆ ਦੋਵਾਂ ਰਾਹੀਂ ਸਮੱਗਰੀ ਨੂੰ ਕਿਵੇਂ ਸੰਚਾਲਿਤ ਕਰਦੇ ਹਾਂ,
- ਸਾਡੀਆਂ ਭਾਈਚਾਰਕ ਸੇਧਾਂ ਦੀਆਂ ਕਥਿਤ ਉਲੰਘਣਾਵਾਂ ਦੀਆਂ ਵਰਤੋਂਕਾਰ ਰਿਪੋਰਟਾਂ ਦਾ ਅਸੀਂ ਕਿਵੇਂ ਜਵਾਬ ਦਿੰਦੇ ਹਾਂ, ਅਤੇ
- ਅਸੀਂ ਸਮੱਗਰੀ ਦੇ ਵਿਅਕਤੀਗਤ ਹਿੱਸਿਆਂ ਅਤੇ ਵਰਤੋਂਕਾਰਾਂ ਵਿਰੁੱਧ ਕਿਵੇਂ ਕਾਰਵਾਈ ਕਰਦੇ ਹਾਂ ਜੋ ਸਾਡੀਆਂ ਭਾਈਚਾਰਕ ਸੇਧਾਂ ਉਲੰਘਣਾ ਕਰਦੇ ਹਨ।

**ਸਾਡੀਆਂ ਮਦਾਂ ਦੀ ਉਲੰਘਣਾ ਬਾਰੇ ਜਾਣਕਾਰੀ (1 ਜੁਲਾਈ - 30 ਸਤੰਬਰ 2023) (ਕੈਲੀਫੋਰਨੀਆ ਕਾਰੋਬਾਰ ਅਤੇ ਪੇਸ਼ਾ ਕੋਡ, §22677(a)(5))**

ਹੇਠਾਂ ਅਸੀਂ ਸਾਡੀਆਂ ਭਾਈਚਾਰਕ ਸੇਧਾਂ ਦੀਆਂ ਉਲੰਘਣਾਵਾਂ ਬਾਰੇ ਵਿਸਤ੍ਰਿਤ ਜਾਣਕਾਰੀ ਦਿੰਦੇ ਹਾਂ ਜੋ ਕਿ ਧਾਰਾ 22677(a) ਦੇ ਅਨੁਸਾਰ 1 ਜੁਲਾਈ - 30 ਸਤੰਬਰ 2023 ਦੀ ਮਿਆਦ ਦੇ ਦੌਰਾਨ ਜਾਂ ਤਾਂ ਸਾਨੂੰ ਰਿਪੋਰਟ ਕੀਤੀਆਂ ਗਈਆਂ ਸਨ ਜਾਂ ਸਾਡੇ ਸਿਸਟਮਾਂ ਵੱਲੋਂ ਆਪਣੇ ਆਪ ਪਛਾਣੀਆਂ ਗਈਆਂ ਸਨ। ਅਸੀਂ ਪਹਿਲਾਂ ਗਲੋਬਲ ਅੰਕੜੇ ਪ੍ਰਦਾਨ ਕਰਦੇ ਹਾਂ, ਉਸ ਤੋਂ ਬਾਅਦ ਅਮਰੀਕਾ ਦੇ ਅੰਕੜੇ। ਇਹ ਅੰਕੜੇ ਨਾ ਸਿਰਫ਼ ਧਾਰਾ 22677(a)(3) ਵਿੱਚ ਹਵਾਲਾ ਦਿੱਤੀ ਉਲੰਘਣਾ ਕਰਨ ਵਾਲੀ ਸਮੱਗਰੀ ਦੀਆਂ ਸ਼੍ਰੇਣੀਆਂ ਨਾਲ ਸਬੰਧਤ ਹਨ, ਸਗੋਂ ਵਿਆਪਕ ਤੌਰ 'ਤੇ ਸਾਡੀਆਂ ਭਾਈਚਾਰਕ ਸੇਧਾਂ ਵਿੱਚ ਹਵਾਲਾ ਦਿੱਤੀਆਂ ਉਲੰਘਣਾਵਾਂ ਨਾਲ ਸੰਬੰਧਿਤ ਹਨ।[1]

ਸਿਵਾਏ ਜਿੱਥੇ ਹੋਰ ਨਿਰਧਾਰਿਤ ਨਾ ਕੀਤਾ ਗਿਆ ਹੋਵੇ, ਇਸ ਭਾਗ ਵਿੱਚ ਵਰਤੇ ਗਏ ਸ਼ਬਦਾਂ ਨੂੰ ਸਾਡੀ ਪਾਰਦਰਸ਼ਤਾ ਸ਼ਬਦਾਵਲੀ ਦੇ ਅਨੁਸਾਰ ਪਰਿਭਾਸ਼ਿਤ ਕੀਤਾ ਗਿਆ ਹੈ।

---

[1] ਇਸ ਰਿਪੋਰਟ ਵਿੱਚ ਅਸੀਂ ਡੇਟਾ ਨੂੰ ਇਹਨਾਂ ਹਿੱਸਿਆਂ ਵਿੱਚ ਵੰਡਿਆ ਹੈ: (i) ਉਲੰਘਣਾ ਕਰਨ ਵਾਲੀ ਸਮੱਗਰੀ ਦੀਆਂ ਸ਼੍ਰੇਣੀਆਂ, (ii) ਸਮੱਗਰੀ ਜਾਂ ਖਾਤੇ ਨੂੰ ਕਿਵੇਂ ਫ਼ਲੈਗ ਕੀਤਾ ਗਿਆ ਸੀ (ਭਾਵ, ਕਿਸੇ ਰਿਪੋਰਟ ਕਰਕੇ ਜਾਂ ਸਾਡੇ ਸਵੈਚਾਲਿਤ ਪਛਾਣ ਔਜ਼ਾਰਾਂ ਰਾਹੀਂ), ਅਤੇ (iii) ਸਮੱਗਰੀ ਜਾਂ ਖਾਤੇ 'ਤੇ ਕਿਵੇਂ ਕਾਰਵਾਈ ਕੀਤੀ ਗਈ ਸੀ (ਭਾਵ, ਮਨੁੱਖੀ ਸਮੀਖਿਅਕਾਂ ਵੱਲੋਂ ਜਾਂ ਸਵੈਚਾਲਿਤ ਔਜ਼ਾਰਾਂ ਰਾਹੀਂ)। ਅਸੀਂ ਇਸ ਸਮੇਂ ਸਮੱਗਰੀ ਦੀ ਕਿਸਮ (ਜਿਵੇਂ ਕਿ ਪੋਸਟਾਂ, ਟਿੱਪਣੀਆਂ, ਸੁਨੇਹਿਆਂ, ਵਰਤੋਂਕਾਰ ਪ੍ਰੋਫਾਈਲਾਂ) ਜਾਂ ਮੀਡੀਆ ਦੀ ਕਿਸਮ (ਜਿਵੇਂ ਕਿ ਟੈਕਸਟ, ਚਿੱਤਰ, ਵੀਡੀਓ) ਦੇ ਅਨੁਸਾਰ ਡੇਟਾ ਨੂੰ ਵੱਖ ਕਰਨ ਦੇ ਸਮਰੱਥ ਨਹੀਂ ਹਾਂ, ਕਿਉਂਕਿ ਅਸੀਂ 2023 ਦੀ ਤੀਜੀ ਤਿਮਾਹੀ ਤੱਕ ਇਸ ਡੇਟਾ ਨੂੰ ਵਿਸ਼ਵ ਪੱਧਰ 'ਤੇ ਜਾਂ ਸੰਯੁਕਤ ਰਾਜ ਵਿੱਚ ਅਜਿਹੇ ਤਰੀਕੇ ਨਾਲ ਟਰੈਕ ਨਹੀਂ ਕਰ ਰਹੇ ਸੀ ਜੋ ਸਾਨੂੰ ਰਿਪੋਰਟਿੰਗ ਦੇ ਉਦੇਸ਼ਾਂ ਲਈ ਇਸ ਡੇਟਾ ਨੂੰ ਕੱਢਣ ਦੇ ਯੋਗ ਬਣਾ ਸਕੇ।

ਗਲੋਬਲ ਅੰਕੜੇ

| ਉਲੰਘਣਾ ਦੀ ਸ਼੍ਰੇਣੀ | ਫਲੈਗ ਕੀਤਾ ਵਤੀਰਾ | ਫਲੈਗ ਕੀਤੀ ਕੁੱਲ ਸਮੱਗਰੀ ਜਾਂ ਖਾਤੇ(1) | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ(2) | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੇ ਵਿਲੱਖਣ ਖਾਤੇ(3) | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੇ ਵਿਲੱਖਣ ਖਾਤੇ | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੇ ਖਾਤਾ ਲਾਕਾਂ(4) ਵਿਰੁੱਧ ਅਪੀਲਾਂ | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੇ ਖਾਤਾ ਲਾਕਾਂ ਵਿਰੁੱਧ ਅਪੀਲਾਂ | ਅਪੀਲ ਤੋਂ ਬਾਅਦ ਬਹਾਲ ਕੀਤੇ ਗਏ ਖਾਤੇ(5) (ਸ਼ੁਰੂ ਵਿੱਚ ਮਨੁੱਖੀ ਸਮੀਖਿਅਕਾਂ ਵੱਲੋਂ ਲਾਕ ਕੀਤੇ ਗਏ) | ਅਪੀਲ ਤੋਂ ਬਾਅਦ ਬਹਾਲ ਕੀਤੇ ਗਏ ਖਾਤੇ (ਸ਼ੁਰੂਆਤ ਵਿੱਚ ਸਵੈਚਾਲਿਤ ਔਜ਼ਾਰਾਂ ਵੱਲੋਂ ਲਾਕ ਕੀਤੇ ਗਏ) | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ ਲਈ ਉਲੰਘਣਾਤਮਕ ਦ੍ਰਿਸ਼ ਦਰ (VVR) | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ ਲਈ VVR | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ ਲਈ ਵਿਲੱਖਣ ਉਲੰਘਣਾਤਮਕ ਦਰਸ਼ਕ ਦਰ(7) | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ ਲਈ ਵਿਲੱਖਣ ਉਲੰਘਣਾਤਮਕ ਦਰਸ਼ਕ ਦਰ |
|---|---|---|---|---|---|---|---|---|---|---|---|---|---|---|
| ਨਫ਼ਰਤ ਭਰਿਆ ਭਾਸ਼ਣ | ਮਨੁੱਖੀ ਰਿਪੋਰਟ | 189,981 | 45,028 | 257 | 39,567 | 183 | 206 | 5 | 11 | 0 | 0.000193% | 0.000001 % | 0.44% | 0.002% |
| | ਸਵੈਚਾਲਿਤ ਪਛਾਣ | 148 | 148 | 0 | 132 | 0 | 0 | 0 | 0 | 0 | 0.000000% | 0.000000 % | 0.00% | 0.000% |
| ਅੱਤਵਾਦ ਅਤੇ ਹਿੰਸਕ ਕੱਟੜਪੰਥੀ | ਮਨੁੱਖੀ ਰਿਪੋਰਟ | 41,399 | 835 | 24 | 751 | 21 | 17 | 0 | 1 | 0 | 0.000005% | 0.000000 % | 0.01% | 0.000% |
| | ਸਵੈਚਾਲਿਤ ਪਛਾਣ | 11 | 11 | 0 | 11 | 0 | 0 | 0 | 0 | 0 | 0.000000% | 0.000000 % | 0.00% | 0.000% |
| ਝੂਠੀ ਜਾਣਕਾਰੀ | ਮਨੁੱਖੀ ਰਿਪੋਰਟ | 216,219 | 460 | 10 | 445 | 9 | 3 | 0 | 0 | 0 | 0.000005% | 0.000000 % | 0.01% | 0.000% |
| | ਸਵੈਚਾਲਿਤ ਪਛਾਣ | 16 | 16 | 0 | 16 | 0 | 0 | 0 | 0 | 0 | 0.000000% | 0.000000 % | 0.00% | 0.000% |
| ਪ੍ਰਤੀਰੂਪਣ | ਮਨੁੱਖੀ ਰਿਪੋਰਟ | 213,879 | 8,040 | 36 | 8,002 | 33 | 769 | 0 | 51 | 0 | 0.000002% | 0.000000 % | 0.01% | 0.000% |
| | ਸਵੈਚਾਲਿਤ ਪਛਾਣ | 5 | 5 | 0 | 5 | 0 | 0 | 0 | 0 | 0 | 0.000000% | 0.000000 % | 0.00% | 0.000% |
| ਸਤਾਉਣਾ ਅਤੇ ਧੌਂਸਪੁਣਾ | ਮਨੁੱਖੀ ਰਿਪੋਰਟ | 4,531,005 | 505,999 | 20,239 | 414,702 | 11,285 | 14,546 | 943 | 410 | 13 | 0.001143% | 0.000044 % | 1.52% | 0.051% |
| | ਸਵੈਚਾਲਿਤ ਪਛਾਣ | 2,523 | 2,481 | 42 | 2,268 | 12 | 78 | 3 | 7 | 0 | 0.000002% | 0.000000 % | 0.00% | 0.000% |
| ਨਸ਼ੇ | ਮਨੁੱਖੀ ਰਿਪੋਰਟ | 177,028 | 115,835 | 5,010 | 84,731 | 4,118 | 8,331 | 1,056 | 231 | 5 | 0.000536% | 0.000031 % | 0.75% | 0.062% |
| | ਸਵੈਚਲਿਤ ਪਛਾਣ | 636,008 | 286,538 | 158,894 | 242,067 | 128,763 | 73,446 | 20,420 | 1,992 | 103 | 0.000101% | 0.000010 % | 0.23% | 0.028% |

| | | | | | | | | | | | | | | |
|---|---|---|---|---|---|---|---|---|---|---|---|---|---|---|
| ਧਮਕੀਆਂ ਅਤੇ ਹਿੰਸਾ | ਮਨੁੱਖੀ ਰਿਪੋਰਟ | 401,227 | 44,172 | 5,210 | 34,555 | 3,648 | 747 | 4 | 35 | 0 | 0.000678% | 0.000035% | 1.08% | 0.064% |
| | ਸਵੈਚਲਿਤ ਪਛਾਣ | 410 | 323 | 11 | 292 | 6 | 42 | 0 | 0 | 0 | 0.000000% | 0.000000% | 0.00% | 0.000% |
| ਸਵੈ-ਨੁਕਸਾਨ ਅਤੇ ਖੁਦਕੁਸ਼ੀ | ਮਨੁੱਖੀ ਰਿਪੋਰਟ | 85,339 | 15,896 | 56 | 14,637 | 33 | 18 | 1 | 5 | 0 | 0.000007% | 0.000000% | 0.01% | 0.000% |
| | ਸਵੈਚਲਿਤ ਪਛਾਣ | 260 | 252 | 0 | 242 | 0 | 2 | 0 | 0 | 0 | 0.000000% | 0.000000% | 0.00% | 0.000% |
| ਸਪੈਮ | ਮਨੁੱਖੀ ਰਿਪੋਰਟ | 1,254,516 | 311,954 | 514,111 | 269,775 | 312,043 | 7,287 | 128 | 108 | 1 | 0.000858% | 0.000106% | 1.28% | 0.218% |
| | ਸਵੈਚਲਿਤ ਪਛਾਣ | 50,890 | 15,636 | 35,254 | 14,084 | 21,633 | 443 | 96 | 7 | 0 | 0.000004% | 0.000029% | 0.01% | 0.021% |
| ਹਥਿਆਰ | ਮਨੁੱਖੀ ਰਿਪੋਰਟ | 48,967 | 6,129 | 568 | 4,831 | 409 | 214 | 45 | 6 | 1 | 0.000035% | 0.000001% | 0.06% | 0.002% |
| | ਸਵੈਚਲਿਤ ਪਛਾਣ | 123,755 | 40,106 | 66,208 | 32,953 | 51,275 | 612 | 995 | 25 | 8 | 0.000022% | 0.000006% | 0.06% | 0.016% |
| ਹੋਰ ਨਿਯੰਤ੍ਰਿਤ ਸਮਾਨ | ਮਨੁੱਖੀ ਰਿਪੋਰਟ | 228,900 | 68,618 | 4,582 | 52,689 | 2,351 | 3,989 | 508 | 111 | 4 | 0.000526% | 0.000018% | 0.87% | 0.029% |
| | ਸਵੈਚਲਿਤ ਪਛਾਣ | 9,967 | 9,925 | 42 | 8,668 | 21 | 389 | 25 | 27 | 1 | 0.000010% | 0.000000% | 0.03% | 0.001% |
| ਜਿਨਸੀ ਸਮੱਗਰੀ | ਮਨੁੱਖੀ ਰਿਪੋਰਟ | 2,146,825 | 794,265 | 398,293 | 580,110 | 249,112 | 60,534 | 4,233 | 747 | 19 | 0.004442% | 0.001858% | 3.08% | 1.392% |
| | ਸਵੈਚਲਿਤ ਪਛਾਣ | 397,538 | 150,421 | 194,379 | 98,190 | 111,567 | 11,177 | 1,392 | 125 | 10 | 0.000061% | 0.000011% | 0.10% | 0.019% |
| ਬੱਚਿਆਂ ਦਾ ਜਿਨਸੀ ਸ਼ੋਸ਼ਣ | ਮਨੁੱਖੀ ਰਿਪੋਰਟ | 389,163 | 113,454 | 2,547 | 96,106 | 1,949 | 13,677 | 68 | 2,059 | 11 | 0.000300% | 0.000020% | 0.45% | 0.017% |
| | ਸਵੈਚਲਿਤ ਪਛਾਣ | 168,527 | 78,427 | 60,312 | 54,058 | 44,284 | 9,124 | 9,170 | 745 | 2,015 | 0.000002% | 0.000000% | 0.00% | 0.001% |
| ਕੁੱਲ | | 11,314,506 | 2,614,974 | 1,466,085 | 1,920,608 | 910,767 | 205,651 | 39,092 | 6,703 | 2,191 | 0.008932% | 0.002172% | 5.99% | 1.694% |

ਅਮਰੀਕੀ ਅੰਕੜੇ

| ਉਲੰਘਣਾ ਦੀ ਸ਼੍ਰੇਣੀ | ਫਲੈਗ ਕੀਤਾ ਵਤੀਰਾ | ਫਲੈਗ ਕੀਤੀ ਕੁੱਲ ਸਮੱਗਰੀ ਜਾਂ ਖਾਤੇ(1) | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ(2) | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੇ ਵਿਲੱਖਣ ਖਾਤੇ(3) | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੇ ਵਿਲੱਖਣ ਖਾਤੇ | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੇ ਖਾਤਾ ਲਾਕਾਂ(4) ਵਿਰੁੱਧ ਅਪੀਲਾਂ | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੇ ਖਾਤਾ ਲਾਕਾਂ ਵਿਰੁੱਧ ਅਪੀਲਾਂ | ਅਪੀਲ ਤੋਂ ਬਾਅਦ ਬਹਾਲ ਕੀਤੇ ਗਏ ਖਾਤੇ(5) (ਸ਼ੁਰੂ ਵਿੱਚ ਮਨੁੱਖੀ ਸਮੀਖਿਅਕਾਂ ਵੱਲੋਂ ਲਾਕ ਕੀਤੇ ਗਏ) | ਅਪੀਲ ਤੋਂ ਬਾਅਦ ਬਹਾਲ ਕੀਤੇ ਗਏ ਖਾਤੇ (ਸ਼ੁਰੂਆਤ ਵਿੱਚ ਸਵੈਚਾਲਿਤ ਔਜ਼ਾਰਾਂ ਵੱਲੋਂ ਲਾਕ ਕੀਤੇ ਗਏ) | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ ਲਈ ਉਲੰਘਣਾਤਮਕ ਦ੍ਰਿਸ਼ ਦਰ (VVR) | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ ਲਈ ਉਲੰਘਣਾਤਮਕ ਦ੍ਰਿਸ਼ ਦਰ | ਮਨੁੱਖੀ ਸਮੀਖਿਅਕਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ ਲਈ ਵਿਲੱਖਣ ਉਲੰਘਣਾਤਮਕ ਦਰਸ਼ਕ ਦਰ(7) | ਸਵੈਚਾਲਿਤ ਔਜ਼ਾਰਾਂ ਵੱਲੋਂ ਕਾਰਵਾਈ ਕੀਤੀ ਸਮੱਗਰੀ ਲਈ ਵਿਲੱਖਣ ਉਲੰਘਣਾਤਮਕ ਦਰਸ਼ਕ ਦਰ |
|---|---|---|---|---|---|---|---|---|---|---|---|---|---|---|
| ਨਫ਼ਰਤ ਭਰਿਆ ਭਾਸ਼ਣ | ਮਨੁੱਖੀ ਰਿਪੋਰਟ | 74,256 | 26,254 | 184 | 22,888 | 127 | 118 | 0 | 7 | 0 | 0.0004208% | 0.0000048 % | 1.316% | 0.015% |
| | ਸਵੈਚਲਿਤ ਪਛਾਣ | 86 | 86 | 0 | 79 | 0 | 0 | 0 | 0 | 0 | 0.0000003% | 0.0000000 % | 0.001% | 0.000% |
| ਅੱਤਵਾਦ ਅਤੇ ਹਿੰਸਕ ਕੱਟੜਪੰਥੀ | ਮਨੁੱਖੀ ਰਿਪੋਰਟ | 10,901 | 197 | 6 | 190 | 4 | 4 | 0 | 0 | 0 | 0.0000062% | 0.0000001 % | 0.020% | 0.000% |
| | ਸਵੈਚਲਿਤ ਪਛਾਣ | 6 | 6 | 0 | 6 | 0 | 0 | 0 | 0 | 0 | 0.0000000% | 0.0000000 % | 0.000% | 0.000% |
| ਝੂਠੀ ਜਾਣਕਾਰੀ | ਮਨੁੱਖੀ ਰਿਪੋਰਟ | 47,421 | 235 | 3 | 223 | 3 | 0 | 0 | 0 | 0 | 0.0000072% | 0.0000002 % | 0.023% | 0.001% |
| | ਸਵੈਚਲਿਤ ਪਛਾਣ | 10 | 10 | 0 | 10 | 0 | 0 | 0 | 0 | 0 | 0.0000000% | 0.0000000 % | 0.000% | 0.000% |
| ਪ੍ਰਤੀਰੂਪਣ | ਮਨੁੱਖੀ ਰਿਪੋਰਟ | 54,948 | 2,461 | 13 | 2,442 | 11 | 241 | 0 | 16 | 0 | 0.0000001% | 0.0000000 % | 0.000% | 0.000% |
| | ਸਵੈਚਲਿਤ ਪਛਾਣ | 2 | 2 | 0 | 2 | 0 | 0 | 0 | 0 | 0 | 0.0000000% | 0.0000000 % | 0.000% | 0.000% |
| ਸਤਾਉਣਾ ਅਤੇ ਧੌਂਸਪੁਣਾ | ਮਨੁੱਖੀ ਰਿਪੋਰਟ | 1,134,660 | 166,787 | 4,658 | 140,939 | 3,385 | 3,987 | 89 | 173 | 9 | 0.0017937% | 0.0000227 % | 4.261% | 0.051% |
| | ਸਵੈਚਲਿਤ ਪਛਾਣ | 1,189 | 1,186 | 3 | 1,092 | 2 | 28 | 1 | 4 | 0 | 0.0000043% | 0.0000000 % | 0.014% | 0.000% |
| ਨਸ਼ੇ | ਮਨੁੱਖੀ ਰਿਪੋਰਟ | 76,888 | 54,098 | 1,922 | 39,227 | 1,655 | 3,439 | 166 | 96 | 0 | 0.0014146% | 0.0000292 % | 2.821% | 0.111% |
| | ਸਵੈਚਲਿਤ ਪਛਾਣ | 369,835 | 170,066 | 117,427 | 142,887 | 93,734 | 37,681 | 11,458 | 909 | 58 | 0.0002741% | 0.0000334 % | 0.980% | 0.141% |
| | ਮਨੁੱਖੀ ਰਿਪੋਰਟ | 117,412 | 16,571 | 1,432 | 13,448 | 1,057 | 316 | 0 | 22 | 0 | 0.0006518% | 0.0000524 % | 1.691% | 0.134% |

| | | | | | | | | | | | | | | |
|---|---|---|---|---|---|---|---|---|---|---|---|---|---|---|
| ਧਮਕੀਆਂ ਅਤੇ ਹਿੰਸਾ | ਸਵੈਚਲਿਤ ਪਛਾਣ | 222 | 167 | 10 | 153 | 5 | 26 | 0 | 0 | 0 | 0.0000007% | 0.0000001% | 0.002% | 0.000% |
| ਸਵੈ-ਨੁਕਸਾਨ ਅਤੇ ਖੁਦਕੁਸ਼ੀ | ਮਨੁੱਖੀ ਰਿਪੋਰਟ | 29,226 | 8,027 | 8 | 7,583 | 8 | 6 | 0 | 3 | 0 | 0.0000126% | 0.0000000% | 0.040% | 0.000% |
| | ਸਵੈਚਲਿਤ ਪਛਾਣ | 159 | 153 | 0 | 146 | 0 | 0 | 0 | 0 | 0 | 0.0000000% | 0.0000000% | 0.000% | 0.000% |
| ਸਪੈਮ | ਮਨੁੱਖੀ ਰਿਪੋਰਟ | 580,657 | 137,514 | 360,649 | 124,895 | 223,162 | 1,997 | 19 | 22 | 0 | 0.0009065% | 0.0000995% | 2.147% | 0.326% |
| | ਸਵੈਚਲਿਤ ਪਛਾਣ | 15,974 | 6,304 | 9,670 | 6,126 | 6,276 | 122 | 1 | 2 | 0 | 0.0000037% | 0.0000129% | 0.016% | 0.030% |
| ਹਥਿਆਰ | ਮਨੁੱਖੀ ਰਿਪੋਰਟ | 17,212 | 1,742 | 80 | 1,604 | 72 | 66 | 9 | 3 | 0 | 0.0000382% | 0.0000009% | 0.142% | 0.004% |
| | ਸਵੈਚਲਿਤ ਪਛਾਣ | 99,084 | 32,206 | 56,158 | 26,788 | 43,961 | 449 | 209 | 17 | 4 | 0.0000886% | 0.0000241% | 0.345% | 0.101% |
| ਹੋਰ ਨਿਯੰਤ੍ਰਿਤ ਸਮਾਨ | ਮਨੁੱਖੀ ਰਿਪੋਰਟ | 73,261 | 13,629 | 306 | 11,770 | 210 | 340 | 20 | 23 | 1 | 0.0004930% | 0.0000038% | 1.482% | 0.012% |
| | ਸਵੈਚਲਿਤ ਪਛਾਣ | 3,539 | 3,534 | 5 | 3,173 | 3 | 63 | 0 | 10 | 0 | 0.0000098% | 0.0000000% | 0.041% | 0.000% |
| ਜਿਨਸੀ ਸਮੱਗਰੀ | ਮਨੁੱਖੀ ਰਿਪੋਰਟ | 584,728 | 221,552 | 127,380 | 163,531 | 84,979 | 16,924 | 824 | 233 | 8 | 0.0057545% | 0.0025898% | 8.864% | 4.121% |
| | ਸਵੈਚਲਿਤ ਪਛਾਣ | 109,214 | 39,790 | 44,859 | 27,328 | 29,015 | 3,926 | 238 | 38 | 5 | 0.0001110% | 0.0000145% | 0.327% | 0.042% |
| ਬੱਚਿਆਂ ਦਾ ਜਿਨਸੀ ਸ਼ੋਸ਼ਣ | ਮਨੁੱਖੀ ਰਿਪੋਰਟ | 109,155 | 25,071 | 245 | 22,045 | 181 | 13,677 | 68 | 2,059 | 11 | 0.0001473% | 0.0000049% | 0.290% | 0.011% |
| | ਸਵੈਚਲਿਤ ਪਛਾਣ | 33,376 | 12,754 | 11,707 | 9,686 | 8,503 | 9,124 | 9,170 | 745 | 2,015 | 0.0000009% | 0.0000001% | 0.002% | 0.000% |
| ਕੁੱਲ | | 3,543,421 | 940,402 | 736,725 | 725,906 | 486,592 | 205,651 | 39,092 | 6,703 | 2,191 | 0.0121398% | 0.0028934% | 16.290% | 4.772% |

(1) ਸਾਡੀਆਂ ਭਾਈਚਾਰਕ ਸੇਧਾਂ ਦੀਆਂ ਸੰਭਾਵੀ ਉਲੰਘਣਾਵਾਂ ਲਈ ਫਲੈਗ ਕੀਤੀ ਸਮੱਗਰੀ ਜਾਂ ਖਾਤਿਆਂ ਦੀ ਕੁੱਲ ਗਿਣਤੀ, ਜਿਸ ਵਿੱਚ ਸਾਨੂੰ ਰਿਪੋਰਟ ਕੀਤੇ ਗਏ ਅਤੇ ਸਾਡੇ ਸਵੈਚਾਲਿਤ ਔਜ਼ਾਰਾਂ ਰਾਹੀਂ ਪਛਾਣੇ ਗਏ ਸ਼ਾਮਲ ਹਨ। ਇਸ ਡੇਟਾ ਨੂੰ ਉਲੰਘਣਾ ਕਰਨ ਵਾਲੀ ਸਮੱਗਰੀ ਦੀਆਂ ਸ਼੍ਰੇਣੀਆਂ ਵਿੱਚ ਵੱਖ ਕਰਨ ਲਈ ਅਸੀਂ ਅੰਤਿਮ ਕਾਰਵਾਈ ਦੇ ਕਾਰਨ ਦੀ ਵਰਤੋਂ ਕੀਤੀ ਹੈ ਜਿੱਥੇ ਕੋਈ ਕਾਰਵਾਈ ਕੀਤੀ ਗਈ ਸੀ। ਜਿੱਥੇ ਸਮੱਗਰੀ ਜਾਂ ਖਾਤਾ ਫਲੈਗ ਕੀਤਾ ਗਿਆ ਸੀ ਪਰ ਕੋਈ ਕਾਰਵਾਈ ਨਹੀਂ ਕੀਤੀ ਗਈ ਸੀ, ਅਸੀਂ ਮਾਪਕਾਂ ਨੂੰ ਉਸ ਸ਼ੱਕੀ ਉਲੰਘਣਾ ਸ਼੍ਰੇਣੀ ਨਾਲ ਜੋੜਦੇ ਹਾਂ ਜਿਸ ਲਈ ਸਮੱਗਰੀ ਜਾਂ ਖਾਤਾ ਫਲੈਗ ਕੀਤਾ ਗਿਆ ਸੀ।

(2) ਸਮੱਗਰੀ ਦੇ ਹਿੱਸਿਆਂ (ਜਿਵੇਂ ਕਿ Snaps, ਕਹਾਣੀਆਂ) ਦੀ ਗਿਣਤੀ ਜਿਨ੍ਹਾਂ ਵਿਰੁੱਧ Snapchat 'ਤੇ ਕਾਰਵਾਈ ਕੀਤੀ ਗਈ ਸੀ। "ਅਮਲੀਕਰਨ" ਦਾ ਮਤਲਬ ਹੈ ਕਿਸੇ ਸਮੱਗਰੀ ਜਾਂ ਖਾਤੇ ਦੇ ਵਿਰੁੱਧ ਕੀਤੀ ਕਾਰਵਾਈ (ਜਿਵੇਂ ਕਿ ਮਿਟਾਉਣਾ, ਚੇਤਾਵਨੀ ਦੇਣਾ, ਲਾਕ ਕਰਨਾ)।

(3) Snapchat 'ਤੇ ਅਜਿਹੇ ਵਿਲੱਖਣ ਖਾਤਿਆਂ ਦੀ ਸੰਖਿਆ ਜਿਨ੍ਹਾਂ ਵਿਰੁੱਧ ਕਾਰਵਾਈ ਕੀਤੀ ਗਈ ਸੀ। ਉਦਾਹਰਨ ਲਈ, ਜੇਕਰ ਕਿਸੇ ਇੱਕ ਖਾਤੇ ਵਿਰੁੱਧ ਵੱਖ-ਵੱਖ ਕਾਰਨਾਂ ਕਰਕੇ ਕਈ ਵਾਰ ਕਾਰਵਾਈ ਕੀਤੀ ਗਈ ਸੀ (ਜਿਵੇਂ ਕਿ, ਵਰਤੋਂਕਾਰ ਨੂੰ ਗਲਤ ਜਾਣਕਾਰੀ ਪੋਸਟ ਕਰਨ ਲਈ ਚੇਤਾਵਨੀ ਦਿੱਤੀ ਗਈ ਸੀ ਅਤੇ ਬਾਅਦ ਵਿੱਚ ਕਿਸੇ ਹੋਰ ਵਰਤੋਂਕਾਰ ਨੂੰ ਪਰੇਸ਼ਾਨ ਕਰਨ ਕਰਕੇ ਉਸਦਾ ਖਾਤਾ ਮਿਟਾ ਦਿੱਤਾ ਗਿਆ ਸੀ) ਤਾਂ ਇਸ ਮਾਪਕ ਵਿੱਚ ਸਿਰਫ਼ ਇੱਕ ਖਾਤੇ ਦੀ ਹੀ ਗਿਣਤੀ ਕੀਤੀ ਜਾਵੇਗੀ। ਜਿਵੇਂ ਉੱਪਰ ਦੱਸਿਆ ਗਿਆ ਹੈ, "ਅਮਲੀਕਰਨ" ਕਿਸੇ ਸਮੱਗਰੀ ਜਾਂ ਖਾਤੇ ਦੇ ਵਿਰੁੱਧ ਕੀਤੀ ਕਾਰਵਾਈ ਨੂੰ ਦਰਸਾਉਂਦਾ ਹੈ (ਜਿਵੇਂ ਕਿ ਮਿਟਾਉਣਾ, ਚੇਤਾਵਨੀ ਦੇਣਾ, ਲਾਕ ਕਰਨਾ)।

(4) ਵਰਤੋਂਕਾਰ ਸਿਰਫ਼ ਖਾਤਾ ਲਾਕ ਹੋਣ ਵਿਰੁੱਧ ਹੀ ਅਪੀਲਾਂ ਦਰਜ ਕਰ ਸਕਦੇ ਹਨ।

(5) ਅਸੀਂ ਸਿਰਫ਼ ਉਨ੍ਹਾਂ ਖਾਤਿਆਂ ਨੂੰ ਮੁੜ-ਬਹਾਲ ਕਰਦੇ ਹਾਂ ਜਿਨ੍ਹਾਂ ਬਾਰੇ ਸਾਡੇ ਸੰਚਾਲਕ ਨਿਰਧਾਰਤ ਕਰਦੇ ਹਨ ਕਿ ਇਹ ਗਲਤ ਤਰੀਕੇ ਨਾਲ ਲਾਕ ਕੀਤੇ ਗਏ ਸਨ।

(6) ਉਲੰਘਣਾਤਮਕ ਦ੍ਰਿਸ਼ ਦਰ ਕਹਾਣੀ ਅਤੇ Snap ਦ੍ਰਿਸ਼ਾਂ ਦਾ ਪ੍ਰਤੀਸ਼ਤ ਹੈ ਜਿਸ ਵਿੱਚ ਉਲੰਘਣਾ ਕਰਨ ਵਾਲੀ ਸਮੱਗਰੀ ਸ਼ਾਮਲ ਹੈ, ਜੋ ਕਿ Snapchat ਵਿੱਚ ਸਾਰੇ ਕਹਾਣੀ ਅਤੇ Snap ਦ੍ਰਿਸ਼ਾਂ ਦੇ ਅਨੁਪਾਤ ਦੇ ਰੂਪ ਵਿੱਚ ਹੈ। ਉਦਾਹਰਨ ਲਈ, ਜੇਕਰ ਸਾਡਾ VVR 0.03% ਹੈ, ਤਾਂ ਇਸਦਾ ਮਤਲਬ ਹੈ ਕਿ Snapchat 'ਤੇ ਹਰ 10,000 Snap ਅਤੇ ਕਹਾਣੀ ਦ੍ਰਿਸ਼ਾਂ ਲਈ 3 ਵਿੱਚ ਅਜਿਹੀ ਸਮੱਗਰੀ ਹੈ ਜੋ ਸਾਡੀਆਂ ਨੀਤੀਆਂ ਦੀ ਉਲੰਘਣਾ ਕਰਦੀ ਹੈ। ਇਹ ਮਾਪਕ ਸਾਨੂੰ ਇਹ ਸਮਝਣ ਦਿੰਦਾ ਹੈ ਕਿ Snapchat 'ਤੇ ਕਿੰਨੇ ਪ੍ਰਤੀਸ਼ਤ ਦ੍ਰਿਸ਼ ਉਸ ਸਮੱਗਰੀ ਤੋਂ ਆਉਂਦੇ ਹਨ ਜੋ ਸਾਡੀਆਂ ਭਾਈਚਾਰਕ ਸੇਧਾਂ ਦੀ ਉਲੰਘਣਾ ਕਰਦੀ ਹੈ (ਜਿਸ ਬਾਰੇ ਜਾਂ ਤਾਂ ਰਿਪੋਰਟ ਕੀਤੀ ਗਈ ਸੀ ਜਾਂ ਜਿਸ 'ਤੇ ਸਰਗਰਮੀ ਨਾਲ ਕਾਰਵਾਈ ਕੀਤੀ ਗਈ ਸੀ)।

(7) ਵਿਲੱਖਣ ਉਲੰਘਣਾਤਮਕ ਦਰਸ਼ਕ ਦਰ ਉਹਨਾਂ ਵਿਲੱਖਣ ਦਰਸ਼ਕਾਂ ਦਾ ਪ੍ਰਤੀਸ਼ਤ ਹੈ ਜਿਨ੍ਹਾਂ ਨੇ ਉਲੰਘਣਾ ਕਰਨ ਵਾਲੀ ਸਮੱਗਰੀ ਦੇਖੀ ਹੈ, ਜੋ ਕਿ ਰਿਪੋਰਟਿੰਗ ਮਿਆਦ ਯਾਨੀ ਕਿ 2023 ਦੀ ਤੀਜੀ ਤਿਮਾਹੀ ਦੌਰਾਨ ਸਰਗਰਮ ਰਹਿਣ ਵਾਲੇ ਵਿਲੱਖਣ ਵਰਤੋਂਕਾਰਾਂ ਦੇ ਅਨੁਪਾਤ ਵਜੋਂ ਹੈ। ਉਦਾਹਰਨ ਲਈ, ਜੇਕਰ ਸਾਡੀ ਵਿਲੱਖਣ ਉਲੰਘਣਾਤਮਕ ਦਰਸ਼ਕ ਦਰ 0.03% ਹੈ, ਤਾਂ ਇਸਦਾ ਮਤਲਬ ਹੈ ਕਿ Snapchat 'ਤੇ ਸੰਬੰਧਿਤ ਮਿਆਦ ਦੇ ਦੌਰਾਨ ਹਰੇਕ 10,000 ਸਰਗਰਮ ਵਰਤੋਂਕਾਰਾਂ ਪਿੱਛੇ 3 ਦਰਸ਼ਕਾਂ ਨੇ ਅਜਿਹੀ ਸਮੱਗਰੀ ਦੇਖੀ ਜੋ ਸਾਡੀਆਂ ਨੀਤੀਆਂ ਦੀ ਉਲੰਘਣਾ ਕਰਦੀ ਸੀ। ਇਹ ਮਾਪਕ ਸਾਨੂੰ ਇਹ ਸਮਝਣ ਦਿੰਦਾ ਹੈ ਕਿ Snapchat 'ਤੇ ਕਿੰਨੇ ਪ੍ਰਤੀਸ਼ਤ ਵਰਤੋਂਕਾਰਾਂ ਨੂੰ ਅਜਿਹੀ ਸਮੱਗਰੀ ਮਿਲਦੀ ਹੈ ਜੋ ਸਾਡੀਆਂ ਭਾਈਚਾਰਕ ਸੇਧਾਂ ਦੀ ਉਲੰਘਣਾ ਕਰਦੀ ਹੈ (ਜਿਸ ਬਾਰੇ ਜਾਂ ਤਾਂ ਰਿਪੋਰਟ ਕੀਤੀ ਗਈ ਸੀ ਜਾਂ ਜਿਸ 'ਤੇ ਸਰਗਰਮੀ ਨਾਲ ਕਾਰਵਾਈ ਕੀਤੀ ਗਈ ਸੀ)।

**ਵਧੀਕ ਜਾਣਕਾਰੀ**

ਹਾਲਾਂਕਿ ਧਾਰਾ 22677 ਵੱਲੋਂ ਲੋੜੀਂਦਾ ਨਹੀਂ ਹੈ, ਫਿਰ ਵੀ ਅਸੀਂ ਮੰਨਦੇ ਹਾਂ ਕਿ ਰਿਪੋਰਟਾਂ ਅਤੇ ਅਪੀਲਾਂ ਦਾ ਜਵਾਬ ਦੇਣ ਵਿੱਚ ਲੱਗੇ ਸਾਡੇ ਦਰਮਿਆਨੇ ਸਮੇਂ (TATs) ਦੇਣਾ ਮਹੱਤਵਪੂਰਨ ਹੈ। ਅਸੀਂ TAT ਨੂੰ ਉਸ ਸਮੇਂ ਦੇ ਰੂਪ ਵਿੱਚ ਪਰਿਭਾਸ਼ਿਤ ਕਰਦੇ ਹਾਂ ਜੋ ਸਾਡੀਆਂ ਭਰੋਸਾ ਅਤੇ ਸੁਰੱਖਿਆ ਟੀਮਾਂ ਜਾਂ ਸਵੈਚਾਲਿਤ ਔਜ਼ਾਰਾਂ ਨੂੰ ਪਹਿਲੀ ਵਾਰ ਰਿਪੋਰਟ ਪ੍ਰਾਪਤ ਹੋਣ (ਆਮ ਤੌਰ 'ਤੇ ਜਦੋਂ ਕੋਈ ਰਿਪੋਰਟ ਸਪੁਰਦ ਕੀਤੀ ਜਾਂਦੀ ਹੈ ਜਾਂ ਸਵੈਚਾਲਿਤ ਤਰੀਕਿਆਂ ਰਾਹੀਂ ਪਤਾ ਲਗਾਇਆ ਜਾਂਦਾ ਹੈ) ਅਤੇ ਆਖਰੀ ਅਮਲੀਕਰਨ ਕਾਰਵਾਈ ਦੇ ਟਾਈਮਸਟੈਂਪ ਦੇ ਵਿਚਕਾਰ ਹੁੰਦਾ ਹੈ। ਜੇ ਸਮੀਖਿਆ ਦੇ ਕਈ ਦੌਰ ਹੁੰਦੇ ਹਨ, ਤਾਂ ਆਖਰੀ ਸਮੇਂ ਦੀ ਗਣਨਾ ਆਖਰੀ ਵਾਰ ਕੀਤੀ ਕਾਰਵਾਈ ਦੇ ਸਮੇਂ ਤੋਂ ਕੀਤੀ ਜਾਂਦੀ ਹੈ। ਇਸ ਨੂੰ ਧਿਆਨ ਵਿੱਚ ਰੱਖਦੇ ਹੋਏ ਸਮੱਗਰੀ ਅਤੇ ਖਾਤਾ ਰਿਪੋਰਟਾਂ ਲਈ ਸਾਡਾ ਗਲੋਬਲ ਦਰਮਿਆਨਾ TAT ਲਗਭਗ 6 ਮਿੰਟ ਹੈ।

ਸੁਰੱਖਿਆ, ਪਰਦੇਦਾਰੀ ਅਤੇ ਪਾਰਦਰਸ਼ਤਾ ਪ੍ਰਤੀ Snap ਦੇ ਰਵੱਈਏ ਬਾਰੇ ਵਾਧੂ ਜਾਣਕਾਰੀ ਲਈ ਸਾਡੇ ਪਰਦੇਦਾਰੀ ਅਤੇ ਸੁਰੱਖਿਆ ਕੇਂਦਰ ਅਤੇ ਸਾਡੇ ਪਾਰਦਰਸ਼ਤਾ ਰਿਪੋਰਟਿੰਗ ਬਾਰੇ ਪੰਨੇ 'ਤੇ ਜਾਓ।